## ਈ-ਬਾਇਕ ਅਤੇ ਈ-ਸਕੂਟਰ (ਬੈਟਰੀ ਨਾਲ ਚੱਲਣ ਵਾਲਾ ਸਾਈਕਲ ਅਤੇ ਸਕੂਟਰ) ਨਾਲ ਘਰ ਵਿਚ ਅੱਗ ਲੱਗਣ ਤੋਂ ਬਚਾਉ

ਇਹ ਪੱਕਾ ਕਰੋ ਕਿ ਤੁਸੀਂ ਈ-ਬਾਇਕ ਜਾਂ ਈ-ਸਕੂਟਰ ਦੀ ਬੈਟਰੀ ਨੂੰ ਸੁਰੱਖਿਅਤ ਤਰੀਕੇ ਨਾਲ ਚਾਰਜ ਕਰਦੇ ਹੋ। ਅੱਗ ਲੱਗਣ ਦੇ ਖਤਰੇ ਨੂੰ ਘਟਾਉਣ ਲਈ ਅੱਗੇ ਲਿਖੇ ਕੰਮ ਕਰੋ।

- ਇਸ ਨੂੰ ਬਿਨਾਂ ਨਿਗਰਾਨੀ ਜਾਂ ਜਦੋਂ ਤੁਸੀਂ ਸੁੱਤੇ ਪਏ ਹੁੰਦੇ ਹੋ ਉਦੋਂ ਚਾਰਜ ਤੇ ਨਾ ਲਗਾਉ।
- ਇਸ ਨੂੰ ਆਪਣੇ ਹਾਲਵੇ (ਲਾਂਘੇ) ਵਿਚ ਜਾਂ ਉਸ ਥਾਂ ਤੇ ਚਾਰਜ ਜਾਂ ਸਟੋਰ ਨਾ ਕਰੋ ਜਿਥੇ ਤੁਹਾਡੇ ਬਚਾਉ ਲਈ ਬਾਹਰ ਜਾਣ ਦਾ ਰਸਤਾ ਰੁਕਦਾ ਹੋਵੇ।
- ਆਪਣੀ ਬੈਟਰੀ ਨੂੰ ਚਾਰਜ ਕਰਨ ਲਈ ਸਹੀ ਚਾਰਜਰ ਹੀ ਵਰਤੋ।
- ਈ-ਬਾਇਕਜ਼, ਈ-ਸਕੂਟਰਜ਼ ਅਤੇ ਬੈਟਰੀਆਂ ਨੂੰ ਸਿਰਫ ਭਰੋਸੇਯੋਗ ਵਪਾਰੀਆਂ ਅਤੇ ਬਣਾਉਣ ਵਾਲਿਆਂ ਤੋਂ ਖਰੀਦੋ।
- ਹਮੇਸ਼ਾਂ ਬਣਾਉਣ ਵਾਲਿਆਂ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ। ਬੈਟਰੀਆਂ ਦੀ ਬਣਤਰ ਨੂੰ ਬਦਲਣ ਦੀ ਕੋਸ਼ਿਸ਼ ਜਾਂ ਛੇੜ-ਛਾੜ ਨਾ ਕਰੋ।
- ਇਹ ਪੱਕਾ ਕਰਨ ਲਈ ਕਿ ਤੁਹਾਡੀ ਬੈਟਰੀ ਅਤੇ ਚਾਰਜਰ ਸੁਰੱਖਿਆ ਸੰਬੰਧੀ ਕਾਨੂੰਨਾਂ ਨੂੰ ਪੂਰਾ ਕਰਦੇ ਹਨ ਤੁਸੀਂ ਸੀ ਈ (CE) ਜਾਂ ਯੂ ਕੇ ਸੀ ਏ (UKCA) ਦਾ ਸੁਰੱਖਿਆ ਸੰਬੰਧਿਤ ਨਿਸ਼ਾਨ ਚੈੱਕ ਕਰੋ।
- ਇਹ ਸਲਾਹ ਦਿੱਤੀ ਜਾਂਦੀ ਹੈ ਕਿ ਈ-ਬਾਇਕ ਵਿਚ ਤਬਦੀਲੀ ਮਾਹਿਰ ਕੋਲੋਂ ਹੀ ਕਰਵਾਉ।